# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਪੰਜਾਬ ਸਕੂਲ ਸਿੱਖਿਆ ਬੋਰਡ ਦੀਆ ਦਸਵੀਂ ਅਤੇ ਬਾਰ੍ਹਵੀਂ ਦੀਆਂ ਅਨੁਪੂਰਕ / ਸਮੈਸਟਰ -1 ਦੀਆਂ ਪ੍ਰੀਖਿਆਵਾਂ ਜੋ ਮਿਤੀ 6-9-2010 ਤੋ ਸ਼ੁਰੂ ਸ਼ਨ, ਨੂੰ ਪੰਜਾਬ ਦੇ ਕੁੱਝ ਜਿਲ੍ਹਿਆਂ ਵਿੱਚ ਹੜ੍ਹ ਆਉਣ ਕਾਰਨ ਸਮੇਂ ਸਿਰ ਪ੍ਰੀਖਿਆਰਥੀਆਂ ਨੂੰ ਰੋਲ ਨੰਬਰ ਅਤੇ ਪ੍ਰੀਖਿਆਵਾਂ ਨਾਲ ਸਬੰਧਤ ਹੋਰ ਸਮੱਗਰੀ ਨਾ ਮਿਲਣ ਕਰਕੇ ਪਹਿਲੇ ਦੋ ਪੇਪਰ ਜੋ ਕਿ ਮਿਤੀ 06-09-2010 ਅਤੇ 07-09-2010 ਨੂੰ ਹੋਣੇ ਸਨ, ਨੂੰ ਪ੍ਰੀਖਿਆਰਥੀਆਂ ਦੇ ਹਿੱਤ ਨੂੰ ਮੁੱਖ ਰਖਦੇ ਹੋਏ ਹਾਲ ਦੀ ਘੜੀ ਮੁਲਤਵੀ ਕੀਤੇ ਜਾਂਦੇ ਹਨ। ਮਿਤੀ 08-09-2010 ਤੋਂ ਪ੍ਰੀਖਿਆਵਾਂ ਪਹਿਲਾਂ ਨਿਰਧਾਰਤ ਡੇਟ ਸੀਟ ਅਨੁਸਾਰ ਹੀ ਹੋਣਗੀਆਂ। ਪਹਿਲੇ ਦੋ ਮੁਲਤਵੀ ਕੀਤੇ ਪੇਪਰਾਂ ਦੀਆਂ ਨਵੀਆਂ ਮਿਤੀਆਂ ਸਬੰਧੀ ਕੇਂਦਰ ਕੰਟਰੋਲਰਾਂ ਨੂੰ ਬਾਅਦ ਵਿੱਚ ਸੂਚਿਤ ਕੀਤਾ ਜਾਵੇਗਾ। ਪ੍ਰੀਖਿਆਰਥੀ ਆਪਣੇ ਸਬੰਧਤ ਕੇਂਦਰ ਕੰਟਰੋਲਰ ਨਾਲ ਇਸ ਬਾਰੇ ਸੰਪਰਕ ਰੱਖਣ। ਪ੍ਰੀਖਿਆਰਥੀ ਜਿਨ੍ਹਾ ਨੂੰ ਕਿਸੇ ਕਾਰਨ ਰੋਲ ਨੰਬਰ ਨਹੀ ਮਿਲੇ ਉਹ ਮਿਤੀ 06-09-2010 ਅਤੇ ਮਿਤੀ 07-09-2010 ਨੂੰ ਜਮ੍ਹਾਂ ਕਰਵਾਈ ਫੀਸ ਅਤੇ ਪ੍ਰੀਖਿਆ ਫਾਰਮ ਆਦਿ ਦਾ ਸਬੂਤ ਲੈ ਕੇ ਦਫਤਰ ਨਾਲ ਸੰਪਰਕ ਕਰਨ।

ਚੇਅਰਮੈਨ
05-09-2010